ਆਕਾਸ਼ਵਾਣੀ ਜਲੰਧਰ

ਰਾਸ਼ਟਰੀ ਖਬਰਾਂ ਪੰਜਾਬੀ

08:30

ਮਿਤੀ: 6-11-2026

ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਸਰਕਾਰ ਸਕੂਲ ਅਤੇ ਜ਼ਮੀਨੀ ਪੱਧਰ ਦੇ ਪ੍ਰੋਗਰਾਮਾਂ, ਰਾਹੀਂ ਇੱਕ ਆਧੁਨਿਕ ਖੇਡ ਪ੍ਰਣਾਲੀ ਬਣਾ ਰਹੀ ਏ।

- ਵਿਦੇਸ਼ ਮੰਤਰੀ ਡਾ S ਜੈਸ਼ੰਕਰ ਨੇ ਬਦਲਦੀਆਂ ਆਲਮੀ ਸਥਿਤੀਆਂ ਦੇ ਮੱਦੇਨਜ਼ਰ, ਰਾਸ਼ਟਰਮੰਡਲ ਦੇਸ਼ਾਂ ਵਲੋਂ ਆਪਣੇ ਆਰਥਿਕ ਜੋਖਮਾਂ ਨੂੰ ਘਟਾਉਣ ਅਤੇ ਨਵੇਂ ਵਪਾਰਕ ਵਿਕਲਪਾਂ ਦੀ ਖੋਜ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਏ।

- DRDO ਨੇ ਓਡੀਸ਼ਾ ਸਾਹਿਲ ਨੇੜੇ ਡਾ. ਏਪੀਜੇ ਅਬਦੁਲ ਕਲਾਮ ਟਾਪੂ ਤੋਂ ਕਾਸੀ-ਬੈਲਿਸਟਿਕ ਮਿਜ਼ਾਈਲ "ਪ੍ਰਲੈ" ਦੀ ਸਫਲ ਪਰਖ ਕੀਤੀ।

- ਸਰਕਾਰ ਨੇ ਕਈ ਵਿਦੇਸ਼ੀ ਨਾਗਰਿਕਾਂ ਲਈ ਪਾਸਪੋਰਟ ਤੇ ਵੀਜ਼ਾ ਸੰਬੰਧੀ ਨੇਮਾਂ ‘ਚ ਢਿੱਲ ਦਿੱਤੀ।

- ਭਾਰਤ ਦੀ ਰਾਜ-ਤਰੰਗਿਨੀ", "ਮਹਾਭਾਰਤ", ਅਤੇ "ਅਰਥਸ਼ਾਸਤਰ" ਯੂਨੈਸਕੋ ਦੇ "ਮੈਮੋਰੀ ਆਫ਼ ਦ ਵਰਲਡ" ਏਸ਼ੀਆ ਤੇ ਪ੍ਰਸ਼ਾਂਤ ਖੇਤਰੀ ਰਜਿਸਟਰ ਵਿੱਚ ਸ਼ਾਮਿਲ।

- ਹਾਕੀ ਵਿੱਚ, ਭਾਰਤ ਨੇ ਜਾਪਾਨ ਨੂੰ 4-1 ਨਾਲ ਹਰਾ ਕੇ, 9ਵੀਂ ਹੀਰੋ ਏਸ਼ੀਆਈ ਹਾਕੀ ਚੈਂਪੀਅਨਸ ਟਰਾਫੀ ਦਾ ਖਿਤਾਬ, 6ਵੀਂ ਵਾਰ ਆਪਣੇ ਨਾਂ ਕੀਤਾ।

ਹੁਣ ਖਬਰਾਂ ਵਿਸਥਾਰ ਨਾਲ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਸਰਕਾਰ ਸਕੂਲ ਅਤੇ ਜ਼ਮੀਨੀ ਪੱਧਰ ਦੇ ਪ੍ਰੋਗਰਾਮਾਂ, ਖੇਲੋ ਇੰਡੀਆ ਕੇਂਦਰਾਂ ਅਤੇ ਟਾਰਗੇਟ ਓਲੰਪਿਕ ਪੋਡੀਅਮ ਸਕੀਮ ਤਹਿਤ ਓਲੰਪਿਕ-ਮਿਆਰੀ ਸਿਖਲਾਈ ਰਾਹੀਂ ਇੱਕ ਆਧੁਨਿਕ ਖੇਡ ਪ੍ਰਣਾਲੀ ਬਣਾ ਰਹੀ ਏ।

ਭਾਰਤ ਦੇ ਏਸ਼ਿਆਈ ਪੈਰਾ ਖੇਡਾਂ 2026 ਦੇ ਦਲ ਨੂੰ 114 ਤਮਗਿਆਂ ਦੀ ਰਿਕਾਰਡ ਜਿੱਤ ਲਈ ਵਧਾਈ ਦਿੰਦੇ ਹੋਏ, ਪ੍ਰਧਾਨ ਮੰਤਰੀ ਨੇ ਐਥਲੀਟਾਂ

ਨੂੰ ਲਾਸ ਏਂਜਲਸ 2028 ਖੇਡਾਂ ਦੀ ਤਿਆਰੀ ਕਰਦੇ ਹੋਏ ਆਪਣੀ ਸਫਲਤਾ ਨੂੰ ਹੋਰ ਵਧਾਉਣ ਲਈ ਕੋਸ਼ਿਸ਼ਾਂ ਕਰਨ ਲਈ ਕਿਹਾ -

BYTE: PM SPORTS

ਨਵੀਂ ਦਿੱਲੀ ਦੇ ਇੰਦਰਾ ਗਾਂਧੀ ਸਪੋਰਟਸ ਕੰਪਲੈਕਸ ਵਿਖੇ ਦਲ ਨਾਲ ਗੱਲਬਾਤ ਕਰਦਿਆਂ, ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਕਾਰਗੁਜ਼ਾਰੀ, ਭਾਰਤ ਦੇ ਇੱਕ ਪ੍ਰਮੁੱਖ ਆਲਮੀ ਖੇਡ ਸ਼ਕਤੀ ਵਜੋਂ ਉਭਰਨ ਨੂੰ ਦਰਸਾਉਂਦੀ ਏ। ਭਾਰਤ ਨੇ ਪੰਜ ਵਿਸ਼ਵ ਰਿਕਾਰਡ ਅਤੇ ਨੌਂ ਏਸ਼ੀਆਈ ਰਿਕਾਰਡਾਂ ਦੇ ਨਾਲ-ਨਾਲ 30 ਸੋਨੇ ਦੇ, 35 ਚਾਂਦੀ ਦੇ ਅਤੇ 49 ਕਾਂਸੀ ਦੇ ਤਮਗੇ ਪ੍ਰਾਪਤ ਕੀਤੇ। ਇਸ ਪ੍ਰਾਪਤੀ ਦੀ ਤੁਲਨਾ 2010 ਵਿੱਚ ਦੇਸ਼ ਦੇ 14 ਤਮਗਿਆਂ, ਜਿਨ੍ਹਾਂ ਵਿੱਚ ਇੱਕ ਸੋਨੇ ਦਾ ਤਮਗਾ ਵੀ ਸ਼ਾਮਲ ਸੀ, ਨਾਲ ਕਰਦਿਆਂ ਪ੍ਰਧਾਨ ਮੰਤਰੀ ਨੇ ਇਸ ਦਾ ਸਿਹਰਾ ਖਿਡਾਰੀਆਂ ਦੀ ਲਗਨ ਅਤੇ ਸਮਰਪਣ ਨੂੰ ਦਿੱਤਾ।

ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਰਾਸ਼ਟਰਮੰਡਲ ਮੁਖੀਆਂ ਦੀ ਸਰਕਾਰ ਦੀ ਮੀਟਿੰਗ (CHOGM) ਦੇ ਮੌਕੇ 'ਤੇ ਐਂਟੀਗੁਆ ਅਤੇ ਬਾਰਬੁਡਾ ਦੇ ਪ੍ਰਧਾਨ ਮੰਤਰੀ ਗੈਸਟਨ ਬ੍ਰਾਊਨ ਨਾਲ ਮੁਲਾਕਾਤ ਕੀਤੀ। ਦੋਵਾਂ ਆਗੂਆਂ ਨੇ ਵਪਾਰ, ਨਿਵੇਸ਼, ਨਵਿਆਉਣਯੋਗ ਊਰਜਾ ਅਤੇ ਫੂਡ ਪ੍ਰੋਸੈਸਿੰਗ ਦੇ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਨੂੰ ਵਧਾਉਣ 'ਤੇ ਚਰਚਾ ਕੀਤੀ। ਡਾ. ਜੈਸ਼ੰਕਰ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ

ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਨੂੰ CHOGM 2026 ਦੀ ਸਫਲ ਮੇਜ਼ਬਾਨੀ 'ਤੇ ਵਧਾਈ ਦਿੱਤੀ। ਇਸ ਤੋਂ ਪਹਿਲਾਂ, ਡਾ. ਜੈਸ਼ੰਕਰ ਨੇ ਐਂਟੀਗੁਆ ਅਤੇ ਬਾਰਬੁਡਾ ਦੇ ਵਿਦੇਸ਼ ਮੰਤਰੀ ਚੇਤ ਗ੍ਰੀਨ ਨਾਲ ਵੀ ਮੁਲਾਕਾਤ ਕੀਤੀ। ਸਿਹਤ, ਸਿੱਖਿਆ, ਛੋਟੇ ਅਤੇ ਦਰਮਿਆਨੇ ਉੱਦਮਾਂ, ਅਤੇ ਸਿਖਲਾਈ ਅਤੇ ਸਮਰੱਥਾ ਨਿਰਮਾਣ ਦੇ ਖੇਤਰਾਂ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨ 'ਤੇ ਚਰਚਾ ਕੀਤੀ ਗਈ।

ਡਾ. ਜੈਸ਼ੰਕਰ ਨੇ ਰਾਸ਼ਟਰਮੰਡਲ ਦੇਸ਼ਾਂ ਦੇ ਸਰਕਾਰਾਂ ਦੇ ਮੁਖੀਆਂ ਅਤੇ ਵਪਾਰਕ ਨੇਤਾਵਾਂ ਨਾਲ ਇੱਕ ਮੀਟਿੰਗ ਵਿੱਚ ਵੀ ਹਿੱਸਾ ਲਿਆ। ਉਨ੍ਹਾਂ ਨੇ ਬਦਲਦੀਆਂ ਆਲਮੀ ਸਥਿਤੀਆਂ ਦੇ ਮੱਦੇਨਜ਼ਰ ਰਾਸ਼ਟਰਮੰਡਲ ਦੇਸ਼ਾਂ ਵੱਲੋਂ ਆਪਣੇ ਆਰਥਿਕ ਜੋਖਮਾਂ ਨੂੰ ਘਟਾਉਣ ਅਤੇ ਨਵੇਂ ਵਪਾਰਕ ਵਿਕਲਪਾਂ ਦੀ ਖੋਜ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਦੁਨੀਆ ਭਰ ਵਿੱਚ ਫੈਲਿਆ ਭਾਰਤੀ ਵਪਾਰਕ ਭਾਈਚਾਰਾ, ਰਾਸ਼ਟਰਮੰਡਲ ਦੇਸ਼ਾਂ ਲਈ ਇੱਕ ਮਹੱਤਵਪੂਰਨ ਅਸਾਸਾ ਏ ਜੋ ਦੇਸ਼ਾਂ ਨੂੰ ਜੋੜਨ ਅਤੇ ਨਵੀਆਂ ਭਾਈਵਾਲੀ ਬਣਾਉਣ ਵਿੱਚ ਮਦਦ ਕਰਦਾ ਏ। ਡਾ. ਜੈਸ਼ੰਕਰ ਨੇ ਭਰੋਸੇਯੋਗ ਸਪਲਾਈ ਚੇਨ, ਬਿਹਤਰ ਸੰਪਰਕ ਅਤੇ ਮਜ਼ਬੂਤ ਸਥਾਨਕ ਵੰਡ ਨੈੱਟਵਰਕ ਵਿਕਸਿਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਰੱਖਿਆ ਖੋਜ ਅਤੇ ਵਿਕਾਸ ਸੰਗਠਨ (ਡੀਆਰਡੀਓ) ਨੇ ਓਡੀਸ਼ਾ ਸਾਹਿਲ ਨੇੜੇ ਡਾ. ਏਪੀਜੇ ਅਬਦੁਲ ਕਲਾਮ ਟਾਪੂ ਤੋਂ ਕਾਸੀ-ਬੈਲਿਸਟਿਕ ਮਿਜ਼ਾਈਲ "ਪ੍ਰਲੈ" ਦੀ ਸਫਲ ਪਰਖ ਕੀਤੀ ਏ।

ਰੱਖਿਆ ਮੰਤਰਾਲੇ ਨੇ ਕਿਹਾ ਏ ਕਿ ਇਹ ਮਿਜ਼ਾਈਲ ਹੈਦਰਾਬਾਦ ਸਥਿਤ ਖੋਜ ਕੇਂਦਰ ਇਮਾਰਤ ਵਲੋਂ ਹੋਰ ਡੀਆਰਡੀਓ ਪ੍ਰਯੋਗਸ਼ਾਲਾਵਾਂ ਦੇ ਸਹਿਯੋਗ ਨਾਲ ਸਵਦੇਸ਼ੀ ਤਕਨੋਲਜੀ ਦੀ ਵਰਤੋਂ ਕਰਕੇ ਵਿਕਸਿਤ ਕੀਤੀ ਗਈ ਸੀ। ਚਾਂਦੀਪੁਰ ਵਿੱਚ ਏਕੀਕ੍ਰਿਤ ਟੈਸਟ ਰੇਂਜ 'ਤੇ ਕਾਇਮ ਵੱਖ-ਵੱਖ ਯੰਤਰਾਂ ਤੋਂ ਪ੍ਰਾਪਤ ਡੇਟਾ ਨੇ ਪੁਸ਼ਟੀ ਕੀਤੀ ਏ ਕਿ ਪ੍ਰੀਖਣ ਦੇ ਸਾਰੇ ਉਦੇਸ਼ ਪੂਰੇ ਕੀਤੇ ਗਏ। ਇਹ ਸਫਲ ਪਰਖ ਮਿਜ਼ਾਈਲ ਪ੍ਰਣਾਲੀ ਦੇ ਹਥਿਆਰਬੰਦ ਫੌਜਾਂ ਵਿੱਚ ਸ਼ਾਮਿਲ ਹੋਣ ਦਾ ਰਾਹ ਪੱਧਰਾ ਕਰਦੀ ਏ।

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਏ ਕਿ ਇਹ ਸਫਲ ਪਰਖ ਦੇਸ਼ ਦੀਆਂ ਸਵਦੇਸ਼ੀ ਰੱਖਿਆ ਸਮਰੱਥਾਵਾਂ ਨੂੰ ਮਜ਼ਬੂਤ ਕਰਨ ਵੱਲ ਇੱਕ ਹੋਰ ਅਹਿਮ ਪ੍ਰਾਪਤੀ ਏ।

ਰੱਖਿਆ ਸਕੱਤਰ ਅਤੇ ਡੀਆਰਡੀਓ ਦੇ ਚੇਅਰਮੈਨ ਰਾਜੇਸ਼ ਕੁਮਾਰ ਸਿੰਘ ਨੇ ਵੀ ਸਫਲ ਪਰਖ ਵਿਚ ਸ਼ਾਮਿਲ ਟੀਮਾਂ ਨੂੰ ਵਧਾਈ ਦਿੱਤੀ।

ਕੇਂਦਰੀ ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਉਮੀਦ ਪ੍ਰਗਟਾਈ ਏ ਕਿ ਭਾਰਤ 2030 ਤੱਕ ਗੈਰ-ਜੀਵਾਸ਼ਮ ਈਂਧਣ

ਬਿਜਲੀ ਉਤਪਾਦਨ ਸਮਰੱਥਾ ਨੂੰ 190 ਗੀਗਾਵਾਟ ਤੱਕ ਵਧਾਉਣ ਲਈ 220 ਅਰਬ ਡਾਲਰ ਦੇ ਨਿਵੇਸ਼ ਟੀਚੇ ਨੂੰ ਪਾਰ ਕਰ ਸਕਦਾ ਏ।

ਭਾਰਤ ਨਵਿਆਉਣਯੋਗ ਊਰਜਾ ਸੰਮੇਲਨ 2026 ਦੀ ਸਮਾਪਤੀ 'ਤੇ ਮੀਡੀਆ ਨਾਲ ਗੱਲਬਾਤ ਕਰਦਿਆਂ, ਸ਼੍ਰੀ ਜੋਸ਼ੀ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਵਿੱਚ, ਨਵਿਆਉਣਯੋਗ ਊਰਜਾ ਖੇਤਰ ਵਿੱਚ ਘਰੇਲੂ ਅਤੇ ਵਿਦੇਸ਼ੀ ਸਿੱਧੇ ਨਿਵੇਸ਼ ਸਮੇਤ ਕੁੱਲ 7 ਲੱਖ ਕਰੋੜ ਰੁਪਏ ਦਾ ਨਿਵੇਸ਼ ਹਾਸਿਲ ਹੋਇਆ ਏ।

ਸਰਕਾਰ ਨੇ ਕਈ ਵਿਦੇਸ਼ੀ ਨਾਗਰਿਕਾਂ ਲਈ ਪਾਸਪੋਰਟ ਤੇ ਵੀਜ਼ਾ ਸੰਬੰਧੀ ਨੇਮਾਂ ‘ਚ ਢਿੱਲ ਦਿੱਤੀ ਏ. ਇਹਨਾਂ ਵਿਚ ਪਾਕਿਸਤਾਨੀ ਨਾਗਰਿਕ, ਘੱਟ ਗਿਣਤੀ ਸ਼ਰਨਾਰਥੀ, ਰਜਿਸਟਰਡ ਸ਼੍ਰੀਲੰਕਾਈ ਤਾਮਿਲ ਅਤੇ ਤਿੱਬਤੀ ਨਾਗਰਿਕ ਸ਼ਾਮਿਲ ਨੇ. ਗ੍ਰਹਿ ਮੰਤਰਾਲੇ ਨੇ ਇਮੀਗ੍ਰੇਸ਼ਨ ਅਤੇ ਵਿਦੇਸ਼ੀ (ਛੋਟਾਂ) (ਸੋਧ) ਆਦੇਸ਼, 2026 ਮੁਤਾਬਿਕ, ਕੇਂਦਰ ਸਰਕਾਰ ਦੇ ਵੀਜ਼ਾ ਨੇਮਾਂ ਵਿੱਚ ਸੋਧ ਕੀਤੀ ਏ, ਜਿਸ ਵਿੱਚ ਵੀਜ਼ਾ, ਇਮੀਗ੍ਰੇਸ਼ਨ ਅਤੇ ਹੋਰ ਮਾਮਲਿਆਂ ਨਾਲ ਸੰਬੰਧਿਤ ਨਿਰਦੇਸ਼ ਸ਼ਾਮਿਲ ਨੇ. ਸੋਧੇ ਹੋਏ ਪ੍ਰਬੰਧਾਂ ਤਹਿਤ, ਨੇਪਾਲ ਜਾਂ ਭੂਟਾਨ ਦਾ ਸਫ਼ਰ ਕਰਨ ਵਾਲੇ ਭਾਰਤੀ ਨਾਗਰਿਕਾਂ ਨੂੰ ਪਾਸਪੋਰਟ ਦੀ ਜ਼ਰੂਰਤ ਤੋਂ ਛੋਟ ਦਿੱਤੀ ਜਾਵੇਗੀ। ਇਨ੍ਹਾਂ ਮੁਸਾਫ਼ਿਰਾਂ ਨੂੰ ਅਧਿਕਾਰੀ ਵਲੋਂ ਮੰਗੀ ਗਈ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੋਵੇਗੀ। ਇਸੇ ਤਰ੍ਹਾਂ ਦੇ ਪ੍ਰਬੰਧ ਨੇਪਾਲ ਅਤੇ ਭੂਟਾਨ ਦੇ

ਨਾਗਰਿਕਾਂ 'ਤੇ ਲਾਗੂ ਹੁੰਦੇ ਨੇ. ਨੋਟੀਫਿਕੇਸ਼ਨ ਮੁਤਾਬਿਕ, 9 ਜਨਵਰੀ, 2015 ਤੱਕ ਭਾਰਤ ਵਿੱਚ ਸ਼ਰਨ ਲੈਣ ਵਾਲੇ ਰਜਿਸਟਰਡ ਸ਼੍ਰੀਲੰਕਾਈ ਤਾਮਿਲ ਨਾਗਰਿਕਾਂ ਨੂੰ ਵੀ ਛੋਟ ਸ਼੍ਰੇਣੀ ਵਿੱਚ ਸ਼ਾਮਿਲ ਕੀਤਾ ਗਿਆ ਏ. ਸੋਧ ਅਫਗਾਨਿਸਤਾਨ, ਬੰਗਲਾਦੇਸ਼ ਅਤੇ ਪਾਕਿਸਤਾਨ ਦੇ ਹਿੰਦੂ, ਸਿੱਖ, ਬੋਧੀ, ਜੈਨ, ਪਾਰਸੀ ਅਤੇ ਈਸਾਈ ਭਾਈਚਾਰਿਆਂ ਦੇ ਮੈਂਬਰਾਂ ਨੂੰ ਪਾਸਪੋਰਟ ਅਤੇ ਸਫ਼ਰ ਦਸਤਾਵੇਜ਼ ਦੀਆਂ ਜ਼ਰੂਰਤਾਂ ਤੋਂ ਵੀ ਛੋਟ ਦਿੰਦੀ ਏ । ਇਨ੍ਹਾਂ ਵਿੱਚ ਉਹ ਲੋਕ ਸ਼ਾਮਿਲ ਨੇ ਜਿਨ੍ਹਾਂ ਨੂੰ ਧਾਰਮਿਕ ਤਸ਼ਦਤ ਜਾਂ ਅਤਿਆਚਾਰ ਦੇ ਡਰ ਕਾਰਨ ਭਾਰਤ ਵਿੱਚ ਸ਼ਰਨ ਲੈਣ ਲਈ ਮਜਬੂਰ ਹੋਣਾ ਪਿਆ ਸੀ ਅਤੇ ਜੋ 31 ਦਸੰਬਰ, 2024 ਨੂੰ ਜਾਂ ਇਸ ਤੋਂ ਪਹਿਲਾਂ ਦੇਸ਼ ਵਿੱਚ ਦਾਖਿਲ ਹੋਏ ਸਨ। ਹਾਲਾਂਕਿ, ਉਨ੍ਹਾਂ ਨੂੰ ਭਾਰਤ ਵਿੱਚ ਆਪਣੇ ਨਿਰੰਤਰ ਠਹਿਰਨ ਲਈ ਢੁਕਵੀਂ ਸ਼੍ਰੇਣੀ ਦਾ ਵੀਜ਼ਾ ਪ੍ਰਾਪਤ ਕਰਨਾ ਹੋਵੇਗਾ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹਰਿਆਣਾ ਦੇ ਅੰਬਾਲਾ ਵਿੱਚ 1857 ਦੇ ਪਹਿਲੇ ਆਜ਼ਾਦੀ ਸੰਗਰਾਮ ਦੇ ਸ਼ਹੀਦਾਂ ਦੀ ਯਾਦਗਾਰ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਇਹ ਯਾਦਗਾਰ ਨੌਜਵਾਨ ਪੀੜ੍ਹੀ ਵਿੱਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ ਅਤੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਦਾ ਸਨਮਾਨ ਕਰਨ ਦਾ ਕੰਮ ਕਰੇਗੀ -

BYTE: AMIT SHAH

ਭਾਰਤ ਕੋਲ ਹੁਣ ਯੂਨੈਸਕੋ ਦੇ "ਮੈਮੋਰੀ ਆਫ਼ ਦ ਵਰਲਡ" ਏਸ਼ੀਆ ਤੇ ਪ੍ਰਸ਼ਾਂਤ ਖੇਤਰੀ ਰਜਿਸਟਰ ਵਿੱਚ ਕੁੱਲ ਛੇ ਰਚਨਾਵਾਂ ਹੋ ਗਈਆਂ ਨੇ। ਭਾਰਤ ਦੇ ਸਾਹਿਤਕ ਅਤੇ ਬੌਧਿਕ ਵਿਰਸੇ ਦੀਆਂ ਤਿੰਨ ਪ੍ਰਮੁੱਖ ਰਚਨਾਵਾਂ - ਕਲਹਣ ਦੀ "ਰਾਜ-ਤਰੰਗਿਨੀ", "ਮਹਾਭਾਰਤ", ਅਤੇ ਕੌਟਿਲਯ ਦੀ "ਅਰਥਸ਼ਾਸਤਰ" - ਨੂੰ ਹੁਣ ਇਸ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਏ।

ਅੱਜ ਧਨਤੇਰਸ ਮਨਾਈ ਜਾ ਰਹੀ ਏ। ਦੀਵਾਲੀ ਤੋਂ ਠੀਕ ਪਹਿਲਾਂ ਆਉਣ ਵਾਲਾ ਇਹ ਤਿਉਹਾਰ, ਧਨ, ਚੰਗੀ ਸਿਹਤ ਅਤੇ ਖੁਸ਼ਹਾਲੀ ਦਾ ਪ੍ਰਤੀਕ ਮੰਨਿਆ ਜਾਂਦਾ ਏ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਮੌਕੇ, ਦੇਸ਼-ਵਾਸੀਆਂ ਨੂੰ ਵੀ ਵਧਾਈ ਦਿੱਤੀ ਏ।

ਭਾਰਤੀ-ਅਮਰੀਕੀ ਅਮੀਸ਼ ਸ਼ਾਹ ਨੇ ਅਮਰੀਕਾ ਵਿੱਚ ਇਤਿਹਾਸ ਰਚ ਦਿੱਤਾ ਏ । ਓਹਨਾਂ ਐਰੀਜ਼ੋਨਾ ਤੋਂ ਅਮਰੀਕੀ ਕਾਂਗਰਸ ਦੀ ਚੋਣ ਜਿੱਤੀ,

ਤੇ ਐਰੀਜ਼ੋਨਾ ਤੋਂ ਕਾਂਗਰਸ ਵਿੱਚ ਪਹੁੰਚਣ ਵਾਲੇ ਪਹਿਲੇ ਭਾਰਤੀ-ਅਮਰੀਕੀ ਬਣ ਗਏ।

ਭਾਰਤੀ-ਅਮਰੀਕੀ ਜੋਤ ਸਿੰਘ ਨੇ ਵੀ ਅਮਰੀਕੀ ਮੱਧਕਾਲੀ ਚੋਣਾਂ ਜਿੱਤੀਆਂ ਨੇ।

ਏਸ਼ਿਆਈ ਹਾਕੀ ਵਿੱਚ, ਮੌਜੂਦਾ ਚੈਂਪੀਅਨ ਭਾਰਤ ਨੇ ਬੀਤੀ ਸ਼ਾਮ ਮੋਹਾਲੀ ਦੇ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਅੰਤਰਰਾਸ਼ਟਰੀ ਹਾਕੀ ਸਟੇਡੀਅਮ ਵਿੱਚ 9ਵੀਂ 'ਹੀਰੋ ਏਸ਼ੀਅਨ ਹਾਕੀ ਚੈਂਪੀਅਨਸ ਟਰਾਫੀ' ਦੇ ਫਾਈਨਲ ਮੁਕਾਬਲੇ ਵਿੱਚ, ਜਾਪਾਨ ਨੂੰ 4-1 ਨਾਲ ਹਰਾ ਕੇ, 6ਵੀਂ ਵਾਰ ਖਿਤਾਬ ਆਪਣੇ ਨਾਂ ਕੀਤਾ।

ਇੱਕ ਰਿਪੋਰਟ:

ਹਾਲਾਂਕਿ ਭਾਰਤ ਦਾ ਲਗਾਤਾਰ ਤੀਜਾ ਖ਼ਿਤਾਬ ਏ, ਪਰ ਟੀਮ ਨੂੰ ਇਸ ਨੂੰ ਜਿੱਤਣ ਲਈ ਜਪਾਨ ਦੇ ਮਜ਼ਬੂਤ ਡਿਫੈਂਸ ਦਾ ਸਾਹਮਣਾ ਕਰਨਾ ਪਿਆ। ਜਪਾਨ ਦੀ ਸ਼ੁਰੂਆਤੀ ਇੱਕ ਗੋਲ ਦੀ ਬੜ੍ਹਤ ਨੇ, ਭਾਰਤੀ ਟੀਮ ਨੂੰ ਸਕੋਰ ਬਰਾਬਰ ਕਰਨ ਲਈ ਤੀਜੇ ਕੁਆਰਟਰ ਦੇ ਅੰਤ ਤੱਕ ਸੰਘਰਸ਼ ਕਰਨ ਲਈ ਮਜ਼ਬੂਰ ਕਰ ਦਿੱਤਾ। ਹਾਲਾਂਕਿ, ਭਾਰਤ ਨੇ ਚੌਥੇ ਅਤੇ ਆਖ਼ਰੀ ਕੁਆਰਟਰ ਵਿੱਚ ਆਪਣਾ ਦਬਦਬਾ ਬਣਾਇਆ। ਭਾਰਤੀ ਖਿਡਾਰੀਆਂ ਨੇ ਤਿੰਨ ਗੋਲ ਕਰਕੇ, ਇੱਕ ਅਜਿਹੀ ਬੜ੍ਹਤ ਬਣਾਈ, ਜਿਸ ਨੂੰ ਪਾਰ ਕਰਨਾ ਜਪਾਨ ਲਈ ਮੁਸ਼ਕਿਲ ਹੋ ਗਿਆ। ਭਾਰਤ ਦੀ ਖ਼ਿਤਾਬੀ ਜਿੱਤ ਮਿਡਫੀਲਡਰ ਨੀਲਕੰਠ ਸ਼ਰਮਾ ਲਈ ਇੱਕ ਸ਼ਾਨਦਾਰ ਵਿਦਾਇਗੀ ਸੀ, ਜਿਸ ਨੇ ਕੱਲ੍ਹ ਆਪਣਾ ਆਖ਼ਰੀ ਅੰਤਰਰਾਸ਼ਟਰੀ ਮੈਚ ਖੇਡਿਆ

ਏ। ਓਧਰ ਕਾਂਸੇ ਦੇ ਤਗ਼ਮੇ ਲਈ ਮਲੇਸ਼ੀਆ ਨੇ ਦੱਖਣੀ ਕੋਰੀਆ ਨੂੰ 5-2 ਨਾਲ ਸ਼ਿਕਸ ਦਿੱਤੀ।

ਰਾਜੇਸ਼ ਬਾਲੀ, ਆਕਾਸ਼ਵਾਨੀ ਖ਼ਬਰਾਂ, ਜਲੰਧਰ।

ਭਾਰਤ ਦੀ ਤਨਵੀ ਪਾਤਰੀ ਨੇ ਸੇਨੇਗਲ ਦੇ ਡਕਾਰ ਵਿੱਚ, ਯੂਥ ਓਲੰਪਿਕ ਖੇਡਾਂ 2026 ਵਿੱਚ, ਬੈਡਮਿੰਟਨ 'ਚ, ਔਰਤਾਂ ਦੇ ਸਿੰਗਲਜ਼ ਮੁਕਾਬਲੇ ਵਿੱਚ ਚਾਂਦੀ ਦਾ ਤਮਗਾ ਜਿੱਤ ਕੇ, ਇਤਿਹਾਸ ਰਚਿਆ ਏ।

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਸਰਕਾਰ ਸਕੂਲ ਅਤੇ ਜ਼ਮੀਨੀ ਪੱਧਰ ਦੇ ਪ੍ਰੋਗਰਾਮਾਂ, ਰਾਹੀਂ ਇੱਕ ਆਧੁਨਿਕ ਖੇਡ ਪ੍ਰਣਾਲੀ ਬਣਾ ਰਹੀ ਏ।

- ਵਿਦੇਸ਼ ਮੰਤਰੀ ਡਾ S ਜੈਸ਼ੰਕਰ ਨੇ ਬਦਲਦੀਆਂ ਆਲਮੀ ਸਥਿਤੀਆਂ ਦੇ ਮੱਦੇਨਜ਼ਰ, ਰਾਸ਼ਟਰਮੰਡਲ ਦੇਸ਼ਾਂ ਵਲੋਂ ਆਪਣੇ ਆਰਥਿਕ ਜੋਖਮਾਂ ਨੂੰ ਘਟਾਉਣ ਅਤੇ ਨਵੇਂ ਵਪਾਰਕ ਵਿਕਲਪਾਂ ਦੀ ਖੋਜ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਏ।

- DRDO ਨੇ ਓਡੀਸ਼ਾ ਸਾਹਿਲ ਨੇੜੇ ਡਾ. ਏਪੀਜੇ ਅਬਦੁਲ ਕਲਾਮ ਟਾਪੂ ਤੋਂ ਕਾਸੀ-ਬੈਲਿਸਟਿਕ ਮਿਜ਼ਾਈਲ "ਪ੍ਰਲੈ" ਦੀ ਸਫਲ ਪਰਖ ਕੀਤੀ।

- ਸਰਕਾਰ ਨੇ ਕਈ ਵਿਦੇਸ਼ੀ ਨਾਗਰਿਕਾਂ ਲਈ ਪਾਸਪੋਰਟ ਤੇ ਵੀਜ਼ਾ ਸੰਬੰਧੀ ਨੇਮਾਂ ‘ਚ ਢਿੱਲ ਦਿੱਤੀ।

- ਭਾਰਤ ਦੀ ਰਾਜ-ਤਰੰਗਿਨੀ", "ਮਹਾਭਾਰਤ", ਅਤੇ "ਅਰਥਸ਼ਾਸਤਰ" ਯੂਨੈਸਕੋ ਦੇ "ਮੈਮੋਰੀ ਆਫ਼ ਦ ਵਰਲਡ" ਏਸ਼ੀਆ ਤੇ ਪ੍ਰਸ਼ਾਂਤ ਖੇਤਰੀ ਰਜਿਸਟਰ ਵਿੱਚ ਸ਼ਾਮਿਲ।

- ਹਾਕੀ ਵਿੱਚ, ਭਾਰਤ ਨੇ ਜਾਪਾਨ ਨੂੰ 4-1 ਨਾਲ ਹਰਾ ਕੇ, 9ਵੀਂ ਹੀਰੋ ਏਸ਼ੀਆਈ ਹਾਕੀ ਚੈਂਪੀਅਨਸ ਟਰਾਫੀ ਦਾ ਖਿਤਾਬ, 6ਵੀਂ ਵਾਰ ਆਪਣੇ ਨਾਂ ਕੀਤਾ।

ਇਸ ਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ। ਨਮਸਕਾਰ!